# ਜਮਾਤ ਦਸਵੀਂ ਵਿਸ਼ਾ ਪੰਜਾਬੀ

## ਬਾਬਾ ਰਾਮ ਸਿੰਘ (ਸ: ਕਪੂਰ ਸਿੰਘ)

**ਪ੍ਰਸ਼ਨ:- ਸ. ਕਪੂਰ ਸਿੰਘ ਦੀ ਲਿਖੀ ਵਾਰਤਕ ਰਚਨਾ'ਬਾਬਾ ਰਾਮ ਸਿੰਘ ਕੂਕਾ'ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।**

ਉੱਤਰ:-ਬਾਬਾ ਰਾਮ ਸਿੰਘ ਜੀ ਦਾ ਜਨਮ 1816 ਈਸਵੀ ਵਿੱਚ ਭੈਣੀ ਰਾਈਆਂ ਵਿਖੇ ਸ: ਜੱਸਾ ਸਿੰਘ ਦੇ ਘਰ ਹੋਇਆ।ਜਵਾਨ ਹੋਣ ਤੇ ਆਪ ਆਪਣੇ ਭਣਵਈਏ ਸ: ਕਾਬਲ ਸਿੰਘ ਦੇ ਕਹਿਣ ਤੇ ਮਹਾਰਾਜਾ ਰਣਜੀਤ ਸਿੰਘ ਦੀ ਘੁੜ ਚੜ੍ਹਿਆਂ ਦੀ ਪਲਟਨ ਵਿੱਚ ਭਰਤੀ ਹੋ ਗਏ।ਆਪ ਦੇ ਘਰ ਦੋ ਪੁੱਤਰੀਆਂ ਦਾ ਜਨਮ ਹੋਇਆ।ਉਨ੍ਹਾਂ ਦਿਨਾਂ ਵਿੱਚ ਮਾਲਵੇ ਵਿੱਚ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦਾ ਰਿਵਾਜ ਸੀ।ਬਾਬਾ ਰਾਮ ਸਿੰਘ ਨੇ ਇਸ ਰਿਵਾਜ ਦਾ ਮੂੰਹ ਤੋੜ ਉੱਤਰ ਦਿੰਦਿਆਂ ਆਪਣੀਆਂ ਬੱਚੀਆਂ ਨੂੰ ਪਿਆਰ ਨਾਲ ਪਾਲਿਆ ਅਤੇ ਉਹਨਾਂ ਨੂੰ ਵਿੱਦਿਆ ਵੀ ਦਿੱਤੀ।।ਹਜਰੋਂ ਵਿਖੇ ਆਪ ਮਹਾਪੁਰਖ ਬਾਬਾ ਬਾਲਕ ਸਿੰਘ ਤੋਂ ਪ੍ਰਭਾਵਿਤ ਹੋ ਕੇ ਭਜਨ ਕਰਨ ਲੱਗੇ। ਸਿੰਘਾਂ ਦੀ ਅੰਗਰੇਜਾਂ ਨਾਲ ਮੁਦਕੀ ਦੀ ਲੜਾਈ ਮਗਰੋਂ ਆਪ ਭੈਣੀ ਆ ਕੇ ਦੁਕਾਨ ਕਰਨ ਤੇ ਦਸਵੰਦ ਕੱਢਣ ਲੱਗੇ। ਬਾਬਾ ਬਾਲਕ ਸਿੰਘ ਦੁਆਰਾ ਸਥਾਪਿਤ 'ਜਗਿਆਸੂਆਂ ਅਭਿਆਸੀਆਂ' ਦੀ ਜਥੇਬੰਦੀ ਦੇ ਪੰਜਾਬ ਵਿੱਚ ਪ੍ਰਚਾਰਕ ਥਾਪੇ ਗਏ ਜੋ ਮਗਰੋਂ ਕੂਕਾ ਜਾਂ ਨਾਮਧਾਰੀ ਜਥੇਬੰਦੀ ਅਖਵਾਈ।ਆਪਣੇ ਸ਼ਰਧਾਲੂਆਂ ਦੁਆਰਾ ਭੇਜੇ ਦਸਵੰਧ ਨੂੰ ਆਪ ਲੰਗਰ ਉੱਤੇ ਖਰਚ ਕਰਦੇ ਤੇ ਉਹ ਆਪ ਨੂੰ ਬਾਬਾ, ਗੁਰੂ ਜਾਂ ਸਤਿਗੁਰੂ ਕਹਿਣ ਲੱਗੇ।ਆਪ ਦਾ ਨਿਸ਼ਾਨਾ ਲੋਕਾਂ ਵਿੱਚ ਸਰੀਰ ਤੇ ਰਹਿਣੀ ਬਹਿਣੀ ਦੀ ਸਵੱਛਤਾ, ਵਹਿਮਾਂ-ਭਰਮਾਂ ਤੋਂ ਮੁਕਤੀ,ਇਸਤਰੀ-ਮਰਦ ਦੀ ਬਰਾਬਰੀ,ਆਤਮਾ ਨੂੰ ਧਾਰਮਿਕ ਤੌਰ ਤੇ ਤਕੜੀ ਕਰਨਾ ਸੀ।ਆਪ ਜੀ ਦੇ ਸਿਧਾਂਤਾਂ ਤੋਂ ਪ੍ਰਭਾਵਿਤ ਹੋ ਕੇ ਸਿੱਖਾਂ ਤੋਂ ਇਲਾਵਾ ਕਈ ਹਿੰਦੂ ਅਤੇ ਮੁਸਲਮਾਨ ਆਪ ਦੇ ਪੈਰੋਕਾਰ ਬਣ ਗਏ।ਆਪ ਦੀ ਪ੍ਰੇਰਨਾ ਨਾਲ ਆਪ ਦੇ ਸ਼ਰਧਾਲੂਆਂ ਨੇ ਅੰਗਰੇਜਾਂ ਦੇ ਡਾਕ-ਪ੍ਰਬੰਧ,ਰੇਲਾਂ ਤੇ ਕਚਹਿਰੀਆਂ ਦਾ ਮੁਕੰਮਲ ਬਾਈਕਾਟ ਕਰਕੇ ਆਪਣਾ ਪ੍ਰਬੰਧ ਸ਼ੁਰੂ ਕੀਤਾ।ਆਪ ਨੂੰ ਅੰਗਰੇਜਾਂ ਨੇ ਦੇਸ਼ ਨਿਕਾਲਾ ਦੇ ਕੇ ਰੰਗੂਨ ਭੇਜ ਦਿੱਤਾ,ਜਿਥੇ ਆਪ ਦਾ 1885 ਵਿੱਚ ਦਿਹਾਂਤ ਹੋ ਗਿਆ।

## ਅਭਿਆਸੀ ਪ੍ਰਸ਼ਨ-ਉੱਤਰ

**ਪ੍ਰਸ਼ਨ:-ਬਾਬਾ ਬਾਲਕ ਸਿੰਘ ਦਾ ਬਾਬਾ ਰਾਮ ਸਿੰਘ ਨੇ ਕਿਹੜਾ-ਕਿਹੜਾ ਪ੍ਰਭਾਵ ਕਬੂਲਿਆ?**

ਉੱਤਰ:-ਬਾਬਾ ਬਾਲਕ ਸਿੰਘ ਹਿੰਦੂ ਮੁਸਲਮਾਨ ਤੇ ਸਿੱਖਾਂ ਨੂੰ ਸ਼ੁੱਧ ਆਚਰਨ, ਧਰਮ ਦੀ ਕਿਰਤ-ਕਮਾਈ, ਈਸ਼ਵਰ-ਅੱਲਾ ਤੇ ਵਾਹਿਗੁਰੂ ਦੇ ਸਿਮਰਨ ਦਾ ਉਪਦੇਸ਼ ਦਿੰਦੇ ਸਨ।ਬਾਬਾ ਰਾਮ ਸਿੰਘ ਉੱਤੇ ਇਹਨਾਂ ਉਪਦੇਸ਼ਾ ਦਾ ਅਸਰ ਹੋਇਆ।

**ਪ੍ਰਸ਼ਨ:-ਕਿਹੜੀ ਜਥੇਬੰਦੀ ਨਾਮਧਾਰੀ ਜਥੇਬੰਦੀ ਜਾਂ ਕੂਕਿਆ ਦੀ ਜਮਾਤ ਅਖਵਾਈ ਅਤੇ ਇਸਦਾ ਪਸਾਰ ਕਿਵੇਂ ਹੋਇਆ?**

ਉੱਤਰ:-'ਜਗਿਆਸੂਆਂ ਤੇ ਅਭਿਆਸੀਆਂ' ਦੀ ਜਥੇਬੰਦੀ ਮਗਰੋਂ ਕੂਕਾ ਜਾਂ ਨਾਮਧਾਰੀ ਜਥੇਬੰਦੀ ਅਖਵਾਈ।ਸ਼ਰਧਾਲੂ ਬਾਬਾ ਰਾਮ ਸਿੰਘ ਨੂੰ ਦਸਵੰਧ ਭੇਜਦੇ ਜੋ ਆਪ ਲੰਗਰ ਉੱਤੇ ਖਰਚ ਕਰਦੇ।ਥੋੜੇ ਸਾਲਾਂ ਵਿੱਚ ਹੀ ਇਸ ਜਥੇਬੰਦੀ ਸਾਰੇ ਪੰਜਾਬ ਵਿੱਚ ਫੈਲ ਗਈ।

**ਪ੍ਰਸ਼ਨ:-ਬਾਬਾ ਰਾਮ ਸਿੰਘ ਜੀ ਨੇ ਜੋ ਉਪਦੇਸ਼ ਦਿੱਤੇ ਹਨ, ਉਹਨਾਂ ਨੂੰ ਸੰਖੇਪ ਵਿੱਚ ਲਿਖੋ?**

ਉੱਤਰ:-ਆਪ ਦਾ ਨਿਸ਼ਾਨਾ ਲੋਕਾਂ ਵਿੱਚ ਸਰੀਰ ਤੇ ਰਹਿਣੀ ਬਹਿਣੀ ਦੀ ਸਵੱਛਤਾ, ਵਹਿਮਾਂ-ਭਰਮਾਂ ਤੋਂ ਮੁਕਤੀ, ਇਸਤਰੀ-ਮਰਦ ਦੀ ਬਰਾਬਰੀ,ਆਤਮਾ ਨੂੰ ਧਾਰਮਿਕ ਤੌਰ ਤੇ ਤਕੜੀ ਕਰਨਾ ਤੇ ਦੇਸ ਦੀ ਪ੍ਰਾਧੀਨਤਾ ਦੇ ਖਾਤਮੇ ਦੀ ਪ੍ਰੇਰਨਾ ਕਰਨਾ ਸੀ।

**ਪ੍ਰਸ਼ਨ:-ਬਾਬਾ ਰਾਮ ਸਿੰਘ ਨੂੰ ਬਾਬਾ ਕਿਉਂ ਕਿਹਾ ਜਾਂਦਾ ਹੈ?**

ਉੱਤਰ:-ਬਾਬਾ ਰਾਮ ਸਿੰਘ ਨੂੰ ਬਾਬਾ ਇਸ ਕਰਕੇ ਕਿਹਾ ਜਾਂਦਾ ਸੀ ਕਿਉਂਕਿ ਪੰਜਾਬ ਵਿੱਚ ਉੱਚੀ ਆਤਮਿਕ ਅਵਸਥਾ ਵਾਲੇ ਮਹਾਂਪੁਰਖਾਂ ਲਈ ਇਸ ਸ਼ਬਦ ਦੀ ਵਰਤੋ ਹੁੰਦੀ ਹੈ।

ਪ੍ਰਸ਼ਨ:-ਬਾਬਾ ਰਾਮ ਸਿੰਘ ਜੀ ਨੇ ਆਪਣੇ ਜੀਵਨ ਨਿਰਬਾਹ ਲਈ ਕਿਹੜੇ-ਕਿਹੜੇ ਕਿੱਤੇ ਅਪਣਾਏ?

ਉੱਤਰ:-ਆਪਣੇ ਜੀਵਨ ਨਿਰਬਾਹ ਲਈ ਬਾਬਾ ਰਾਮ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀ ਘੁੜ ਚੜ੍ਹਿਆਂ ਦੀ ਪਲਟਨ ਵਿੱਚ ਨੌਕਰੀ ।ਮੁਦਕੀ ਦੀ ਲੜਾਈ ਮਗਰੋਂ ਆਪ ਭੈਣੀ ਆ ਕੇ ਲੋਹੇ ਕੱਪੜੇ ਦੀ ਦੁਕਾਨ ਕਰਨ ਲੱਗੇ।

ਪ੍ਰਸ਼ਨ:-ਬਾਬਾ ਰਾਮ ਸਿੰਘ ਨੇ ਇਸਤਰੀ ਜਾਤੀ ਦੀ ਭਲਾਈ ਲਈ ਕੀ-ਕੀ ਉਪਦੇਸ਼ ਦਿੱਤੇ?

ਉੱਤਰ:-ਬਾਬਾ ਰਾਮ ਸਿੰਘ ਨੇ ਕੁੜੀਆਂ ਨੂੰ ਜੰਮਦਿਆਂ ਜੀ ਮਾਰਨ ਵਿਰੁੱਧ ਅਵਾਜ ਉਠਾਈ।ਉਹਨਾਂ ਇਸਤਰੀ-ਮਰਦ ਦੀ ਸਮਾਜਿਕ ਬਰਾਬਰੀ ਤੇ ਜੋਰ ਦਿੱਤਾ। ਉਹਨਾਂ ਨੇ ਕੁੜੀਆਂ ਨੂੰ ਮੁੰਡਿਆਂ ਦੀ ਤਰ੍ਹਾਂ ਪੜ੍ਹਾਉਣ ਤੇ ਜੋਰ ਦਿੱਤਾ।

ਪ੍ਰਸ਼ਨ:-ਕਿਹੜੇ ਕੰਮਾਂ ਕਰਕੇ ਬਾਬਾ ਰਾਮ ਸਿੰਘ ਦੇ ਉਪਦੇਸ਼ਾਂ ਨੂੰ ਮੰਨਣ ਵਾਲੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਉਸੇ ਵੇਲੇ ਜੀ ਅੱਧ-ਪਚੱਧਾ ਨਿਕਲ ਆਵੇ?

ਉਤੱਰ:-ਆਪ ਦੀ ਪ੍ਰੇਰਨਾ ਨਾਲ ਆਪ ਦੇ ਸ਼ਰਧਾਲੂਆਂ ਨੇ ਅੰਗਰੇਜਾਂ ਦੇ ਡਾਕ-ਪ੍ਰਬੰਧ,ਰੇਲਾਂ ਤੇ ਕਚਹਿਰੀਆਂ ਦਾ ਮੁਕੰਮਲ ਬਾਈਕਾਟ ਕਰਕੇ ਆਪਣਾ ਪ੍ਰਬੰਧ ਸ਼ੁਰੂ ਕੀਤਾ।ਸ਼ਰਧਾਲੂਆਂ ਨੇ ਆਪਸੀ ਝਗੜਿਆਂ ਨੂੰ ਕਚਹਿਰੀਆਂ ਦੀ ਥਾਂ ਆਪਣੀਆਂ ਪੰਚਾਇਤਾਂ ਵਿੱਚ ਹੀ ਖਤਮ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਉਹ ਅੰਗਰੇਜ਼ਾਂ ਦੀ ਗੁਲਾਮੀ ਤੋਂ ਉਸ ਵੇਲੇ ਹੀ ਅੱਧਾ-ਪਚੱਧਾ ਨਿਕਲ ਆਏ ਸਨ।

ਪ੍ਰਸ਼ਨ:-ਬਾਬਾ ਰਾਮ ਸਿੰਘ ਦੀਚਲਾਈ ਨਾ ਮਿਲਵਰਤਨ ਲਹਿਰ ਦਾ ਵਰਨਣ ਕਰੋ।

ਉੱਤਰ:-ਬਾਬਾ ਰਾਮ ਸਿੰਘ ,ਅੰਗਰੇਜਾਂ ਵਿਰੁੱਧ ਚਲਾਈ ਨਾ ਮਿਲਵਰਤਨ ਲਹਿਰ ਦੇ ਮੋਢੀ ਸਨ।ਆਪ ਦੀ ਪ੍ਰੇਰਨਾ ਨਾਲ ਆਪ ਦੇ ਸ਼ਰਧਾਲੂਆਂ ਨੇ ਅੰਗਰੇਜਾਂ ਦੇ ਡਾਕ-ਪ੍ਰਬੰਧ,ਰੇਲਾਂ ਤੇ ਕਚਹਿਰੀਆਂ ਦਾ ਮੁਕੰਮਲ ਬਾਈਕਾਟ ਕਰਕੇ ਆਪਣਾ ਪ੍ਰਬੰਧ ਸ਼ੁਰੂ ਕੀਤਾ।ਆਪ ਦੇ ਸ਼ਰਧਾਲੂ ਵਿਦੇਸ਼ੀ ਕੱਪੜੇ ਦਾ ਬਾਈਕਾਟ ਕਰਦੇ ਸਨ ਤੇ ਆਪਣੇ ਫੈਸਲੇ ਕਚਹਿਰੀਆਂ ਦੀ ਥਾਂ ਪੰਚਾਇਤਾਂ ਵਿੱਚ ਕਰਦੇ।

## ਵਸਤੂ-ਨਿਸ਼ਠ ਪ੍ਰਸ਼ਨ-ਉੱਤਰ

ਪ੍ਰਸ਼ਨ:-'ਬਾਬਾ ਰਾਮ ਸਿੰਘ ਕੂਕਾ' ਦਾ ਲੇਖਕ ਕੌਣ ਹੈ?

ਉੱਤਰ:-ਸ: ਕਪੂਰ ਸਿੰਘ।

ਪ੍ਰਸ਼ਨ:-ਬਾਬਾ ਰਾਮ ਸਿੰਘ ਦਾ ਜਨਮ ਕਦੋਂ ਹੋਇਆ?

ਉੱਤਰ:-1816 ਈਸਵੀ ਵਿੱਚ।

ਪ੍ਰਸ਼ਨ:-ਬਾਬਾ ਰਾਮ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਕਿਹੜੀ ਪਲਟਨ ਵਿੱਚ ਭਰਤੀ ਹੋਏ?

ਉੱਤਰ:-ਘੁੜ ਚੜ੍ਹਿਆਂ ਦੀ।

ਪ੍ਰਸ਼ਨ:-ਘੁੜ ਚੜ੍ਹਿਆਂ ਦੀ ਪਲਟਨ ਵਿੱਚ ਭਰਤੀ ਵੇਲੇ ਬਾਬਾ ਰਾਮ ਸਿੰਘ ਜੀ ਦੀ ਉਮਰ ਕਿੰਨੀ ਕੁ ਸੀ?

ਉੱਤਰ:-ਵੀਹ ਵਰ੍ਹੇ

ਪ੍ਰਸ਼ਨ:-ਅੰਗਰੇਜ਼ ਪੰਜਾਬ ਤੇ ਕਦੋਂ ਕਾਬਜ਼ ਹੋਏ?

ਉੱਤਰ:-1864 ਈਸਵੀ ਵਿੱਚ

ਪ੍ਰਸ਼ਨ:-ਸਿੰਘਾਂ ਤੇ ਅੰਗਰੇਜ਼ਾਂ ਦੀ ਆਖਰੀ ਲੜਾਈ ਕਿਥੇ ਹੋਈ?

ਉੱਤਰ:-ਮੁੱਦਕੀ।

ਪ੍ਰਸ਼ਨ:-ਬਾਬਾ ਰਾਮ ਸਿੰਘ ਦੀ ਅਗਵਾਈ ਵਾਲੀ ਜਥੇਬੰਦੀ ਕਿਸ ਨਾਂ ਨਾਲ ਮਸ਼ਹੂਰ ਹੋਈ?

ਉੱਤਰ:-ਨਾਮਧਾਰੀ ਜਥੇਬੰਦੀ ਜਾਂ ਕੂਕਿਆਂ ਦੀ ਜਮਾਤ।

ਪ੍ਰਸ਼ਨ:-ਬਾਬਾ ਰਾਮ ਸਿੰਘ ਦੇ ਪੈਰੋਕਾਰ ਕੀ ਅਖਵਾਉਂਦੇ ਸਨ?

ਉੱਤਰ:-ਕੂਕੇ

ਪ੍ਰਸ਼ਨ:-ਨਾਮਧਾਰੀ ਜਥੇਬੰਦੀ ਨੇ ਆਪਣਾ ਡਾਕ ਪ੍ਰਬੰਧ ਕਦੋਂ ਮੁਕੰਮਲ ਕੀਤਾ ?

ਉੱਤਰ:-1860 ਈਸਵੀ ਵਿੱਚ।

ਪ੍ਰਸ਼ਨ:-ਅੰਗਰੇਜ਼ਾਂ ਨੇ ਬਾਬਾ ਰਾਮ ਸਿੰਘ ਨੂੰ ਦੇਸ਼ ਨਿਕਾਲੇ ਤੋਂ ਬਾਅਦ ਕਿੱਥੇ ਭੇਜ ਦਿੱਤਾ?

ਉੱਤਰ:-ਰੰਗੂਨ

ਪ੍ਰਸ਼ਨ:-ਬਾਬਾ ਰਾਮ ਸਿੰਘ ਜੀ ਦਾ ਦੇਹਾਂਤ ਕਦੋਂ ਹੋਇਆ?

ਉੱਤਰ:-1885 ਈਸਵੀ ਵਿੱਚ।

ਤਿਆਰ ਕਰਤਾ : ਕਮਲ ਨੈਨ ਸਿੰਘ,ਪੰਜਾਬੀ ਮਾਸਟਰ,
ਸ.ਮਿ.ਸਕੂਲ,ਬੂਆ ਨੰਗਲੀ,
ਜ਼ਿਲ੍ਹਾ ਅੰਮ੍ਰਿਤਸਰ।

............................